بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 08.11.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਤਹਰੀਕੇ ਜਦੀਦ ਦੇ ਨਵੇਂ ਸਾਲ ਦੀ ਬਰਕਤਾਂ ਭਰਪੂਰ ਘੋਸ਼ਣਾ
## ਅਤੇ ਅਮਹਦੀਆਂ ਦੀ ਸ਼ਰਧਾ ਭਰਪੂਰ ਆਰਥਕ ਕੁਰਬਾਨੀਆਂ ਦਾ ਮਨਮੋਹਕ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 8 ਨਵੰਬਰ 2019 ਈ. ਨੂੰ ਮਸਜਿਦ ਬੈਤੁਲ ਫ਼ੁਤੂਹ, ਮੋਡਰਨ (ਬਰਤਾਨੀਆ) ਵਿੱਚ ਦਿਤੱਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਸੂਰਤ ਅਲਬਕਰਹ ਦੀਆਂ ਹੇਠ ਲਿਖੀਆਂ ਆਇਤਾਂ ਦੀ ਤਲਾਵਤ ਕੀਤੀ ਅਤੇ ਅਰਥ ਬਿਆਨ ਕੀਤੇ :

لَیۡسَ عَلَیۡکَ ہُدٰىہُمۡ وَلٰکِنَّ اللّٰہَ یَہۡدِیۡ مَنۡ یَّشَآءُ ؕ وَمَا تُنۡفِقُوۡا مِنۡ خَیۡرٍ فَلِاَنۡفُسِکُمۡ ؕ وَمَا تُنۡفِقُوۡنَ اِلَّا ابۡتِغَآءَ وَجۡہِ اللّٰہِ ؕ وَمَا تُنۡفِقُوۡا مِنۡ خَیۡرٍ یُّوَفَّ اِلَیۡکُمۡ وَاَنۡتُمۡ لَا تُظۡلَمُوۡنَ○

ਇਸ ਦਾ ਅਰਥ ਇਹ ਹੈ ਕਿ ਉਹਨਾ ਨੂੰ ਸੁਮਾਰਗ'ਤੇ ਲਿਆਉਣਾ ਤੇਰੇ ਜ਼ਿੰਮੇ ਨਹੀਂ ਹੈ । ਹਾਂ, ਰੱਬ ਜਿਸਨੂੰ ਚਾਹੁੰਦਾ ਹੈ ਸੁਮਾਰਗ'ਤੇ ਲੈ ਆਉਦਾ ਹੈ ਅਤੇ ਜੋ ਚੰਗਾ ਮਾਲ (ਧੰਨ) ਵੀ ਤੁਸੀਂ ਰੱਬ ਦੇ ਮਾਰਗ ਵਿੱਚ ਖ਼ਰਚ ਕਰੋ ਅਤੇ ਸਚੱਾਈ ਇਹ ਹੈ ਕਿ ਤੁਸੀਂ ਅਜਿਹਾ ਖਰਚ ਕੇਵਲ ਰੱਬ ਦਾ ਧਿਆਨ ਖਿਚੱਣ ਲਈ ਕੀਤਾ ਕਰਦੇ ਹੋ, ਸੋ, ਇਸਦਾ ਲਾਭ ਵੀ ਤੁਹਾਡੀਆਂ ਆਪਣੀਆਂ ਜਾਨਾ ਨੂੰ ਹੀ ਹੋਵੇਗਾ ਅਤੇ ਜੋ ਚੰਗਾ ਮਾਲ ਵੀ ਤੁਸੀਂ ਖਰਚ ਕਰੋ ਉਹ ਤੁਹਾਨੂੰ ਪੂਰਾ ਪੂਰਾ ਪਰਤਾਇਆ ਜਾਏਗਾ ਅਤੇ ਤੁਹਾਡੇ ਉਪੱਰ ਜ਼ੁਲਮ ਨਹੀਂ ਕੀਤਾ ਜਾਵੇਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਆਇਤ ਤੋਂ ਸਪਸ਼ਟ ਹੁੰਦਾ ਹੈ ਕਿ ਅਸੀਂ ਕਿਸੇ ਨੂੰ ਨੇਕੀਆਂ ਦਾ ਮਾਰਗ ਤਾਂ ਦਿਖਾ ਸਕਦੇ ਹਾਂ ਪਰ ਇਹ ਜ਼ਰੂਰੀ ਨਹੀਂ ਕਿ ਅਵਸ਼ ਹੀ ਉਸਨੂੰ ਸੁਮਾਰਗ'ਤੇ ਪਾ ਵੀ ਦੇਈਏ । ਇਹ ਕੰਮ ਰੱਬ ਨੇ ਆਪਣੇ ਜ਼ਿੰਮੇ ਲਿਆ ਹੈ ਅਤੇ ਜੋ ਮਨੁੱਖ ਰੱਬ ਵੱਲ ਵਧਣ ਦਾ ਜਤਨ ਕਰਦਾ ਹੈ ਅਤੇ ਦੁਆ ਵੀ ਕਰਦਾ ਹੈ ਤਾਂ ਫ਼ਿਰ ਰੱਬ ਦੀਆਂ ਮਿਹਰਾਂ ਨਾਲ ਮੰਜ਼ਲ (ਟੀਚੇ) ਤੱਕ ਵੀ ਪਹੁੰਚਦਾ ਹੈ । ਸੋ, ਇਸ ਲਈ ਜ਼ਰੂਰੀ ਹੈ ਕਿ ਅਸੀਂ ਸੁਮਾਰਗ ਦੇ ਬਾਦ ਉਸ ਤੋਂ ਦੁਆ ਵੀ ਕਰਦੇ ਰਹੀਏ ਅਤੇ ਉਸ ਦੀਆਂ ਮਿਹਰਾਂ ਨੂੰ ਮੰਗਦੇ ਰਹੀਏ ਤਾਂ ਜੋਂ ਅੰਤ ਚੰਗਾ ਹੋਵੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਫਿਰ ਦੂਜੀ ਗੱਲ ਜੋ ਰੱਬ ਨੇ ਇਸ ਆਇਤ ਵਿੱਚ ਵਰਨਣ ਕੀਤੀ ਹੈ ਉਹ ਇਹ ਹੈ ਕਿ ਤੁਸੀਂ ਚੰਗੇ ਮਾਲ ਵਿੱਚੋਂ ਜੋ ਵੀ ਖਰਚ ਕਰੋ ਉਹ ਤੁਹਾਡੇ ਆਪਣੇ ਲਾਭ ਲਈ ਹੈ । ਰੱਬ ਦੇ ਮਾਰਗ ਵਿੱਚ ਨੇਕ ਨੀਤੀ ਨਾਲ ਖਰਚ ਕੀਤਾ ਹੋਇਆ ਅਤੇ ਪਾਕ ਮਾਲ ਵਿੱਚੋਂ ਜੋ ਖਰਚ ਕੀਤਾ ਜਾਂਦਾ ਹੈ ਉਹ ਹਜ਼ਾਰਾਂ ਹੀ ਗੁਣਾ ਵਧੱਕੇ ਵੀ ਮਿਲ ਸਕਦਾ ਹੈ ਅਤੇ ਮਿਲਦਾ ਹੈ । ਅਹਮਦੀ ਆਪਣੇ ਤਜਰਬੇ ਲਿਖੱਦੇ ਰਹਿੰਦੇ ਹਨ ਕਿ ਕਿਵੇਂ ਅਸੀਂ ਰੱਬ ਦੇ ਮਾਰਗ ਵਿੱਚ ਕੁਰਬਾਨੀ ਕੀਤੀ ਅਤੇ ਕਿਵੇਂ ਰੱਬ ਨੇ ਸਾਨੂੰ ਵਧਾਕੇ ਪਰਤਾਇਆ । ਸੋ, ਰੱਬ ਫ਼ਰਮਾਉਂਦਾ ਹੈ ਕਿ ਮੈਂ ਉਧਾਰ ਨਹੀਂ ਰਖੱਦਾ । ਤੁਸੀਂ ਮੇਰਾ ਧਿਆਨ ਚਾਹੁਣ ਲਈ ਆਪਣੇ ਪਾਕ ਮਾਲ ਵਿੱਚ ਮੇਰੇ ਧਰਮ ਲਈ ਅਤੇ ਮੇਰੇ ਕਹਿਣ'ਤੇ ਖ਼ਰਚ ਕਰਦੇ ਹੋ ਤਾਂ ਮੈਂ ਵੀ ਤੁਹਾਨੂੰ ਪਰਤਾਵਾਂਗਾ । ਸ਼ਰਤ ਇਹ ਹੈ ਕਿ ਮਾਲ ਪਾਕ ਹੋਵੇ । ਹਜ਼ੂਰ ਅਨਵਰ ਨੇ ਫ਼ਰਮਾਇਆ : ਰੱਬ ਦੀਆਂ ਮਿਹਰਾਂ ਨੂੰ ਹਾਸਲ ਕਰਨ ਵਾਲੇ ਅਤੇ ਰੱਬ ਦੀ ਇਸ ਗੱਲ ਦਾ ਤਜਰਬਾ ਤੇ ਅਨੁਭਵ ਰਖੱਣ ਵਾਲੇ ਹਜ਼ਾਰਾਂ ਤੇ ਲਖੱਾਂ ਹੀ ਅਹਮਦੀ ਹਨ । ਇਹਨਾ ਵਿੱਚੋਂ ਕੁਝ ਇਕ ਉਧਾਰਣਾ ਪੇਸ਼ ਕਰਾਂਗਾ । ਇਹ ਕੁਰਬਾਨੀਆਂ ਦੇ ਨਜ਼ਾਰੇ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਮੇਂ ਤੋਂ ਦੇਖ ਰਹੇ ਹਾਂ ।

ਸੀਰਾਲੀਊਨ ਤੋਂ ਇਕ ਮੁਬਲੱਗ਼ ਲਿਖੱਦੇ ਹਨ ਲੋਂਸੋ ਰੀਜਨ ਦੇ ਇਕ ਨਵੇਂ ਅਹਮਦੀ ਹਨ ਕੁਮਾਰ ਸਾਹਬ, ਇਹਨਾ ਨੂੰ ਤਹਿਰੀਕੇ ਜਦੀਦ ਦਾ ਪਰੀਚੇ ਅਤੇ ਚੰਦਿਆਂ ਦੀਆਂ ਬਰਕਤਾਂ ਬਾਰੇ ਜੱਦ ਦੱਸਿਆ ਗਿਆ ਤਾਂ ਇਸ ਨਵੇਂ ਅਹਮਦੀ ਨੇ ਚੰਦਾ ਆਮ ਦੀ ਅਦਾਇਗੀ ਦੇ ਨਾਲ ਨਾਲ ਤਹਿਰੀਕੇ ਜਦੀਦ ਦਾ ਚੰਦਾ ਵੀ ਦੇ ਦਿਤੱਾ । ਇਹਨਾਂ ਕੋਲ ਥੋੜੀ ਜਿਹੀ ਰਕਮ ਸੀ, ਜਿਸ ਤੋਂ ਉਹ ਘਰ ਲਈ ਚੌਲ ਖ਼ਰੀਦਨਾ ਚਾਹੁੰਦੇ ਸਨ ਪਰ ਉਹਨਾ ਨੇ ਇਹ ਰਕਮ ਵੀ ਤਹਿਰੀਕੇ ਜਦੀਦ ਦੇ ਚੰਦੇ ਵਿੱਚ ਦੇ ਦਿੱਤੀ । ਕਹਿੰਦੇ ਹਨ ਕਿ ਕੁਝ ਦਿਨਾਂ ਬਾਦ ਹੀ ਉਹ ਸਾਹਬ ਫਿਰ ਆਏ ਅਤੇ ਦੱਸਿਆ ਕਿ ਜਿਸ ਦਿਨ ਮੈਂ ਤਹਿਰੀਕੇ ਜਦੀਦ ਦਾ ਚੰਦਾ ਦਿਤੱਾ ਸੀ ਉਸ ਤੋਂ ਅਗਲੇ ਦਿਨ ਕੰਪਨੀ ਨੇ ਕਿਹਾ ਕਿ ਅਸੀਂ ਤੁਹਾਡਾ ਡਿਪਾਰਟਮੈਂਟ ਬਦਲ ਦਿਤੱਾ ਹੈ ਅਤੇ ਨਵੇਂ ਡਿਪਾਰਟਮੈਂਟ ਵਿੱਚ ਤਨਖ਼ਵਾਹ ਦੀ ਦੂਣੀ ਹੋ ਗਈ ਹੈ ਅਤੇ ਹੋਰ ਬੈਨੀਫ਼ਿਟ (ਲਾਭ) ਵੀ ਬਹੁਤ ਅਧਿਕ ਹਨ । ਕਹਿੰਦੇ ਹਨ ਕਿ ਜਿੰਨ੍ਹਾ ਬਰਕਤਾਂ ਦਾ ਮੈਂ ਸੁਣਿਆ ਸੀ ਰੱਬ ਨੇ ਮੈਂਨੂੰ ਉਹਨਾ ਬਰਕਤਾਂ ਦੀ ਝਲਕ ਦਿਖਾ ਦਿੱਤੀ ਹੈ ਅਤੇ ਫਿਰ ਕਹਿੰਦੇ ਹਨ ਕਿ ਭਵਿੱਖ ਵਿੱਚ ਮੈਂ ਹਰ ਮਹੀਨੇ ਚੰਦਾ ਆਮ ਦੇ ਨਾਲ ਨਾਲ ਤਹਿਰੀਕੇ ਜਦੀਦ ਦਾ ਚੰਦਾ ਵੀ ਦਿਆ ਕਰਾਂਗਾ ।

ਫਿਰ ਸੀਰਾਲੀਊਨ ਦੇ ਰੀਜਨ ਪੋਰਟ ਲੋਕੋ ਦੇ ਮੁਬਲੱਗ਼ ਕਹਿੰਦੇ ਹਨ ਕਿ ਇਕ ਪਿੰਡ ਵਿੱਚ ਇਕ ਅਹਮਦੀ ਹਨ ਮੁਹਮੱਦ ਸਾਹਬ । ਉਹਨਾ ਨੇ ਤਹਿਰੀਕੇ ਜਦੀਦ ਦੇ ਵਾਦੇ ਵਿੱਚ ਜੋ ਰਕਮ ਲਿਖੱਵਾਈ ਸੀ, ਉਸਨੂੰ ਅਦਾ ਨਹੀਂ ਕਰ ਸਕੇ । ਜੱਦ ਸਾਲ ਦਾ ਅਖ਼ੀਰ ਹੋਇਆ ਤਾਂ ਕਹਿਣ ਲੱਗੇ ਕਿ ਮੇਰੇ ਕੋਲ ਕੇਵਲ ਕੁਝ ਕੱਪ ਚੌਲਾਂ ਦੇ ਕੁਝ ਵੀ ਨਹੀਂ। ਉਹਨਾ ਨੇ ਉਹ ਚੌਲ ਵੇਚੇ ਅਤੇ ਆਪਣਾ ਚੰਦੇ ਦਾ ਵਾਦਾ ਪੂਰਾ ਕਰ ਦਿਤੱਾ । ਉਹ ਕਹਿੰਦੇ ਹਨ ਕਿ ਇਸ ਤੋਂ ਅਗਲੇ ਦਿਨ ਮੇਰੇ ਇਕ ਦੂਰ ਦੇ ਰਿਸ਼ਤੇਦਾਰ ਨੇ ਇਕ ਬੋਰੀ ਚੌਲ ਅਤੇ ਕੁਝ ਰਕਮ ਵੀ ਮੈਂਨੂੰ ਤੋਹਫ਼ੇ ਵੱਜੋਂ ਭਿਜਵਾਈ । ਕਹਿੰਦੇ ਹਨ ਕਿ ਮੇਰਾ ਇਮਾਨ ਬਹੁਤ ਪਕੱਾ ਹੋਇਆ ਕਿ ਮੈਂ ਤਾਂ ਕੁਝ ਕੱਪ ਰੱਬ ਦੇ ਮਾਰਗ ਵਿੱਚ ਦਿੱਤੇ ਸਨ ਰੱਬ ਦੇ ਇਸ ਦੇ ਬਦਲੇ ਵਿੱਚ ਮੈਂਨੂੰ ਸੌ ਕਿਲੋ ਚੌਲ ਵੀ ਦੇ ਦਿੱਤੇ ਅਤੇ ਕੁਝ ਪੈਸੇ ਵੀ ਦੇ ਦਿੱਤੇ ।

ਯੂ.ਕੇ. ਤੋਂ ਇਕ ਇਸਤਰੀ ਹਨ ਰੱਬ ਨੇ ਉਹਨਾ ਨਾਲ ਵੀ ਕਿਸ ਪ੍ਰਕਾਰ ਦਾ ਸੁਲੂਕ ਕੀਤਾ ਕਿ ਇਮਾਨ ਵਿੱਚ ਵਾਧਾ ਹੋਇਆ, ਕਹਿੰਦੀ ਹਨ ਕਿ ਮੈਂ ਤਹਿਰੀਕੇ ਜਦੀਦ ਦਾ ਚੰਦਾ ਦੇ ਚੁਕੀ ਸੀ ਫਿਰ ਲੋਕਲ ਸਦਰ ਸਾਹਿਬਾ ਵੱਲੋਂ ਸੰਦੇਸ਼ ਮਿਲਿਆ ਕਿ ਸਾਨੂੰ ਆਪਣਾ ਟਾਰਗੱਟ ਪੂਰਾ ਕਰਨ ਲਈ ਹੋਰ ਰਕਮ ਦੀ ਲੋੜ ਹੈ । ਜੋ ਰਕਮ ਮੇਰੇ ਕੋਲ ਪਈ ਹੋਈ ਸੀ ਮੈਂ ਉਹ ਸਾਰੀ ਚੰਦੇ ਵਿੱਚ ਦੇ ਦਿੱਤੀ । ਅਗਲੇ ਦਿਨ ਮੈਂ ਆਪਣਾ ਬੈਂਕ ਅਕਾਉਂਟ ਦੇਖਿਆ ਤਾਂ ਹੈਰਾਨ ਰਹਿ

ਗਈ ਕਿ ਜਿੰਨ੍ਹੀ ਰਕਮ ਮੈਂ ਚੰਦੇ ਵਿੱਚ ਦਿੱਤੀ ਸੀ ਉਸ ਦੀ ਥਾਂ ਚਾਰ ਗੁਣਾ ਰਕਮ ਬੈਂਕ ਵੱਲੋਂ ਮੇਰੇ ਅਕਾਉਂਟ ਵਿੱਚ ਪਾਈ ਗਈ ਸੀ ਜਿਸਦੀ ਮੈਂਨੂੰ ਉਕੱਾ ਹੀ ਕੋਈ ਆਸ ਨਹੀਂ ਸੀ ।

ਬੁਰਕੀਨਾ ਫ਼ਾਸੋ ਦੇ ਅਮੀਰ ਸਾਹਬ ਲਿਖੱਦੇ ਹਨ ਕਿ ਕੋਲੋ ਵਿੱਚ ਇਕ ਸਾਵਾਡੂ ਸਾਹਬ ਹਨ । ਤਹਿਰੀਕੇ ਜਦੀਦ ਦੇ ਚੰਦੇ ਵਿੱਚ ਹਰ ਮਹੀਨੇ ਸੌ ਫ਼੍ਰਾਂਕ ਦਿਆ ਕਰਦੇ ਸਨ । ਉਹਨਾ ਨੂੰ ਇਕ ਵਾਰ ਕਿਸੇ ਨੇ ਤੋਹਫ਼ੇ ਵਿੱਚ ਤਿੰਨ ਬਕਰੇ ਦਿੱਤੇ, ਜਿਸ ਵਿੱਚੋਂ ਇਕ ਉਹਨਾ ਨੇ ਤਹਿਰੀਕੇ ਜਦੀਦ ਵਿੱਚ ਦੇ ਦਿਤੱਾ ਅਤੇ ਦੋ ਆਪਣੇ ਕੋਲ ਰੱਖ ਲਏ । ਰੱਬ ਨੇ ਇਹਨਾ ਬਕਰਿਆਂ ਵਿੱਚ ਐਨ੍ਹੀ ਬਰਕਤ ਪਾਈ ਹੈ ਕਿ ਉਹ ਹੁਣ ਕਈ ਪਸ਼ੂਆਂ ਦੇ ਮਾਲਕ ਹਨ ਅਤੇ ਸੌ ਦੀ ਥਾਂ ਹਜ਼ਾਰ ਫ਼੍ਰਾਂਕ ਹੁਣ ਮਹੀਨੇ ਤਹਿਰੀਕੇ ਜਦੀਦ ਦਾ ਚੰਦਾ ਦੇਣਾ ਸ਼ੁਰੂ ਕਰ ਦਿਤੱਾ ਹੈ ।

ਇੰਡੀਆ ਤੋਂ ਇਬ੍ਰਾਹੀਮ ਸਾਹਬ ਇੰਸਪੈਕਟਰ ਤਹਿਰੀਕੇ ਜਦੀਦ ਸੂਬਾ ਕਰਨਾਟਕ ਲਿਖੱਦੇ ਹਨ ਕਿ ਗੁਲਬਰਗਾ ਦੇ ਇਕ ਖ਼ਾਦਿਮ ਹਨ । ਇਹਨਾ ਨੂੰ ਬੰਗਲੌਰ ਦੀ ਇਕ ਕੰਪਨੀ ਵਿੱਚ ਵੀਹ ਹਜ਼ਾਰ ਰੁਪਏ ਮਹੀਨਾ ਦੀ ਨੌਕਰੀ ਮਿਲੀ ਸੀ । ਕਹਿੰਦੇ ਹਨ ਉਹਨਾ ਨੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਦੀ ਬਿਆਨ ਕੀਤੀ ਮਿਆਰੀ ਕੁਰਬਾਨੀ ਦੇ ਹਵਾਲੇ ਨਾਲ ਅੱਧੀ ਤਨਖਵਾਹ ਪੇਸ਼ ਕਰਨ ਦੀ ਤਹਿਰੀਕ ਕੀਤੀ ਗਈ ਤਾਂ ਘਰ ਦੇ ਹਾਲਾਤ ਚੰਗੇ ਨ ਹੁੰਦਿਆਂ ਹੋਇਆਂ ਵੀ ਉਹਨਾ ਨੇ ਦੱਸ ਹਜ਼ਾਰ ਰੁਪਏ ਦਾ ਵਾਦਾ ਪੇਸ਼ ਕੀ ਦਿਤੱਾ । ਉਹਨਾ ਦੇ ਰਿਸ਼ਤੇਦਾਰ ਕਹਿਣ ਲੱਗੇ ਕਿ ਹੁਣੇ ਤੁਹਾਨੂੰ ਨਵੀਂ ਮੁਲਾਜ਼ਮਤ ਮਿਲੀ ਹੈ ਐਨ੍ਹਾ ਵਾਦਾ ਨਹੀਂ ਕਰਨਾ ਚਾਹੀਦਾ ਸੀ, ਮੁਸ਼ਕਲ ਹੋਵੇਗੀ । ਇਹਨਾ ਨੇ ਕਿਹਾ ਕਿ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਫ਼ਰਮਾਇਆ ਹੈ ਕਿ ਜੱਦ ਤੱਕ ਮਨੁੱਖ ਪੂਰਾ ਜਤਨ ਨਹੀਂ ਕਰਦਾ ਰੱਬ ਦੇ ਫ਼ਰਿਸ਼ਤੇ ਉਸ ਵਿੱਚ ਬਲ ਤੇ ਸ਼ਕਤੀ ਪੈਦਾ ਨਹੀਂ ਕਰਦੇ, ਇਸ ਕਰਕੇ ਮੈਂ ਤਾਂ ਇਹ ਦੇਣਾ ਹੈ । ਕਹਿੰਦੇ ਹਨ, ਇਸ ਗੱਲ ਨੂੰ ਹੁਣੇ ਕੁਝ ਦਿਨ ਹੀ ਲੰਘੇ ਸਨ ਕਿ ਉਹਨਾ ਨੂੰ ਇਕ ਦੂਜੀ ਕੰਪਨੀ ਵਿੱਚ ਨੌਕਰੀ ਮਿਲ ਗਈ ਜਿੱਥੇ ਉਹ ਰੱਬ ਦੀ ਮਿਹਰ ਨਾਲ ਇਕ ਲੱਖ ਸਤਾਈ ਹਜ਼ਾਰ ਰੁਪਏ ਮਹੀਨਾ ਲੈ ਰਹੇ ਹਨ ਅਤੇ ਕਹਿੰਦੇ ਹਨ ਕਿ ਇਹ ਵੀ ਚੰਦੇ ਦੀ ਬਰਕਤ ਨਾਲ ਹੋਇਆ ਹੈ ।

ਇੰਸਪੈਕਟਰ ਤਹਿਰੀਕੇ ਜਦੀਦ ਸੂਬਾ ਕੇਰਾਲਾ (ਭਾਰਤ) ਲਿਖੱਦੇ ਹਨ ਕਿ ਕੇਰੋਲਾਈ ਦੇ ਇਕ ਨੇਕ ਅਹਮਦੀ ਹਨ ਜੋ ਤਹਿਰੀਕੇ ਜਦੀਦ ਲਈ ਮਾਲੀ ਕੁਰਬਾਨੀ ਕਰਨ ਵਾਲਿਆਂ ਵਿੱਚ ਵਿਸ਼ੇਸ਼ ਅਸਥਾਨ ਰਖੱਦੇ ਹਨ । ਉਹਨਾ ਨੇ ਪੰਦਰਾਂ ਲੱਖ ਦਾ ਵਾਦਾ ਲਿਖਵਾਇਆ, ਪਰ ਚਲਦੇ ਸਾਲ ਵਾਦੇ ਅਨੁਸਾਰ ਕੇਵਲ ਦੋ ਲੱਖ ਹੀ ਦਿੱਤੇ ਜਾ ਸਕੇ, ਸਮਾਂ ਘੱਟ ਸੀ ਬਹੁਤ ਚਿੰਤਤ ਸਨ ਕਿ ਕਿਵੇਂ ਚੰਦਾ ਦਿੱਤਾ ਜਾਵੇਗਾ ਅਤੇ ਮੈਂਨੂੰ ਵੀ ਉਹ ਪਤੱਰ ਲਿੱਖ ਰਹੇ ਸਨ । ਮਾਲੀ ਸਾਲ ਦੇ ਅਖੀਰਲੇ ਦਿਨ ਪਤੱਰ ਲਿੱਖਿਆ ਕਿ ਅਖ਼ੀਰਲਾ ਦਿਨ ਹੈ ਮਾਲੀ ਸਾਲ ਦਾ ਦੁਆ ਕਰਨ, ਰੱਬ ਆਪਣੀ ਮਿਹਰ ਨਾਲ ਵਾਦੇ ਨੂੰ ਪੂਰਾ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ । ਕਹਿੰਦੇ ਹਨ ਹੁਣੇ ਕੁਝ ਘੰਟੇ ਹੀ ਬੀਤੇ ਸਨ ਕਿ ਇਕ ਵੱਡੀ ਰਕਮ ਉਹਨਾ ਦੇ ਅਕਾਉਂਟ ਵਿੱਚ ਆਈ ਜਿਸ ਨਾਲ ਉਹਨਾ ਦੇ ਨ ਕੇਵਲ ਆਪਣੇ ਕੀਤੇ ਹੋਏ ਵਾਦੇ ਦੀ ਰਕਮ ਦਿੱਤੀ ਸਗੋਂ ਇਕ ਵੱਡੀ ਰਕਮ ਅਧਿਕ ਦੀ ਅਦਾਇਗੀ ਕਰ ਦਿੱਤੀ ।

ਫਿਰ ਬੈਨਿਨ ਦੇ ਰੀਜਨ ਨਾਤੀ ਦੇ ਮੁਅਲੱਮ ਲਿਖੱਦੇ ਹਨ ਕਿ ਕਤਮ ਪੋਤੀ ਜਮਾਤ ਦੇ ਇਕ ਮਿਤੱਰ ਹਨ ਜੱਦ ਉਹਨਾ ਨੂੰ ਤਹਿਰੀਕੇ ਜਦੀਦ ਦੇ ਚੰਦੇ ਦਾ ਕਿਹਾ ਕਿਆ ਤਾਂ ਬਿਨਾ ਕਿਸੇ ਦੇਰੀ ਦੇ ਉਹਨਾ ਨੇ ਤਿੰਨ ਹਜ਼ਾਰ ਫ਼੍ਰਾਂਕ ਸੇਫ਼ਾ ਕਢੱਕੇ ਪੇਸ਼ ਕਰ ਦਿੱਤੇ । ਮੁਅਲੱਮ ਕਹਿੰਦੇ ਹਨ ਕਿ ਮੈਂ ਬਹੁਤ ਹੈਰਾਨ ਹੋਇਆ ਕਿ ਐਨ੍ਹਾ ਵਧਾਕੇ ਦੇਣ ਦਾ ਕੀ ਕਾਰਣ ਹੈ । ਕਹਿਣ ਲੱਗੇ ਕਿ ਮੈਂ ਚੰਦੇ ਵਿੱਚ ਬਹੁਤ ਸੁਸਤੀ ਕਰਦਾ ਹਾਂ ਅਤੇ ਪ੍ਰੇਸ਼ਨੀਆਂ ਵੱਧ ਜਾਂਦੀਆਂ ਹਨ ਅਤੇ ਫ਼ਸਲ ਵੀ ਚੰਗੀ ਨਹੀਂ ਹੁੰਦੀ । ਅਖ਼ੀਰੀ ਵਾਰ ਜੱਦ ਮੈਂ ਚੰਦਾ ਦਿਤੱਾ ਸੀ ਤਾਂ ਇਹ ਸੋਚਕੇ ਦਿਤੱਾ ਸੀ ਕਿ ਦੇਖਦਾ ਹਾਂ ਕਿ ਇਸ ਦੀ

ਬਰਕਤ ਨਾਲ ਕਿਵੇਂ ਲਾਭਵੰਦ ਹੁੰਦਾ ਹਾਂ । ਸੋ, ਮੈਂ ਤਜਰਬਾ ਕਰਕੇ ਦੇਖਿਆ ਕਿ ਚੰਦੇ ਦੀ ਬਰਕਤ ਨਾਲ ਰੱਬ ਵਾਸਤਵ ਵਿੱਚ ਗੁਪਤ ਰੂਪ ਵਿੱਚ ਮਦਦ ਕਰਦਾ ਹੈ, ਸਾਡੀਆਂ ਲੋੜਾਂ ਪੂਰੀਆਂ ਕਰਦਾ ਹੈ ।

ਮਾਸਕੋ ਦੇ ਮੁਬਲੱਗ਼ ਲਿਖੱਦੇ ਹਨ । ਹੁਣ ਹਰ ਦੇਸ਼ ਵਿੱਚ ਰੱਬ ਲੋਕਾਂ ਨੂੰ ਕੁਰਬਾਨੀ ਦੇ ਬਾਦ ਆਪਣੀਆਂ ਮਿਹਰਾਂ ਦੇ ਨਜ਼ਾਰੇ ਦਿਖਾਉਂਦਾ ਹੈ । ਉਜ਼ਬੇਕਿਸਤਾਨ ਦੇ ਇਕ ਮਿਤੱਰ ਜ਼ਾਇਰ ਸਾਹਬ ਹਨ, ਕੁਝ ਸਮਾਂ ਪਹਿਲਾਂ ਉਹਨਾ ਨੂੰ ਤਹਿਰੀਕੇ ਜਦੀਦ ਦੇ ਚੰਦੇ ਬਾਰੇ ਧਿਆਨ ਦੁਆਇਆ ਗਿਆ ਤਾਂ ਉਹਨਾ ਨੇ ਦੱਸਿਆ ਕਿ ਉਹ ਅੱਜਕੱਲ ਉਜ਼ਬੇਕਿਸਤਾਨ ਵਿੱਚ ਟੈਕਸੀ ਚਲਾ ਰਹੇ ਹਨ ਅਤੇ ਉਹਨਾ ਦੀ ਪਤਨੀ ਸਿਲਾਈ ਦਾ ਕੰਮ ਕਰਦੀ ਹਨ । ਦੋਹਾਂ ਪਤੀ ਕਤਨੀ ਨੇ ਉਸੂਲ ਬਣਾਇਆ ਹੋਇਆ ਹੈ ਕਿ ਆਪਣੀ ਆਮਦਨੀ ਦੇ ਤਿੰਨ ਹਿੱਸੇ ਕਰਦੇ ਹਨ ਜਿਸ ਵਿੱਚ ਇਕ ਬੱਚਿਆਂ ਲਈ, ਇਕ ਘਰ ਲਈ ਅਤੇ ਇਕ ਚੰਦਿਆਂ ਦੇ ਰੂਪ ਵਿੱਚ ਰੱਬ ਦੇ ਮਾਰਗ ਵਿੱਚ ਕੁਰਬਾਨ ਕਰਨ ਲਈ ਵਿਸ਼ੇਸ਼ ਕਰ ਰੱਖਿਆ ਹੈ । ਇਸ ਪ੍ਰਕਾਰ ਦੋਵੇਂ ਪਤੀ ਪਤਨੀ ਸ਼ਾਂਤ ਤੇ ਸੰਤੁਸ਼ਟ ਹਨ ਅਤੇ ਘਰੇਲੂ ਜੀਵਨ ਵੀ ਖ਼ੁਸ਼ੀ ਨਾਲ ਲੰਘ ਰਿਹਾ ਹੈ । ਜ਼ਾਇਰ ਸਾਹਬ ਕਹਿੰਦੇ ਹਨ ਕਿ ਜੱਦ ਤੋਂ ਉਹਨਾਂ ਨੇ ਚੰਦਿਆਂ ਵਿੱਚ ਭਾਗ ਲੈਂਣਾ ਸ਼ੁਰੂ ਕੀਤਾ ਹੈ ਰੱਬ ਨੇ ਵਿਸ਼ੇਸ਼ ਬਰਕਤ ਪ੍ਰਦਾਨ ਕੀਤੀ ਹੈ ਅਤੇ ਉਹਨਾ ਦੀ ਆਮਦਨ ਵਿੱਚ ਐਨ੍ਹੀ ਬਰਕਤ ਪਈ ਹੈ ਕਿ ਪਿਛਲਿਆਂ ਵਰ੍ਹਿਆਂ ਵਿੱਚ ਕਦੇ ਅਜਿਹਾ ਨਹੀਂ ਹੋਇਆ ।

ਜਰਮਨੀ ਦੀ ਜਮਾਤ ਦੀ ਇਕ ਇਸਤਰੀ ਲਿਖੱਦੀ ਹਨ ਕਿ ਜੱਦ ਮੈਂ ਦੋ ਮਹੀਨਿ ਦੀ ਗਰਭਵਤੀ ਸੀ, ਉਸ ਸਮੇਂ ਮੈਂ ਬਹੁਤ ਦੁਆ ਕੀਤੀ ਅਤੇ ਮੈਂ ਪ੍ਰਣ ਕੀਤਾ ਕਿ ਹਰ ਮਹੀਨੇ ਤਹਿਰੀਕੇ ਜਦੀਦ ਵਿੱਚ ਸੌ ਯੂਰੋ ਦਿਆਂਗੀ । ਬਾਕੀ ਦੇ ਸੱਤ ਮਹੀਨਿ ਰੱਬ ਨੇ ਬਹੁਤ ਚੰਗੇ ਲੰਘਾਏ ਅਤੇ ਔਕੁੜਾਂ ਦੂਰ ਹੋ ਗਈਆਂ । ਅਲੱਾਹ ਤਆਲਾ ਨੇ ਆਪਣੀ ਮਿਹਰ ਨਾਲ ਪੁਤੱਰ ਨਾਲ ਨਿਵਾਜਿਆ । ਕਹਿੰਦੀ ਹਨ ਹੁਣ ਵੀ ਮੈਂ ਰੱਬ ਨਾਲ ਕੀਤੇ ਹੋਏ ਪ੍ਰਣ ਅਨੁਸਾਰ ਹਰ ਮਹੀਨਿ ਤਹਿਰੀਕੇ ਜਦੀਦ ਵਿੱਚ ਚੰਦਾ ਦੇਕੇ ਪੂਰਾ ਕਰ ਰਹੀ ਹਾਂ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਦੁਨੀਆ ਦੇ ਇਸ ਹਿੱਸੇ ਵਿੱਚ ਜੋ ਕਿ ਭੌਤਿਕਵਾਦ ਵਿੱਚ ਗ੍ਰਿੱਸਿਆ ਹੋਇਆ ਹੈ ਅਤੇ ਰੱਬ ਤੋਂ ਦੂਰੀ ਬਣਾਈ ਹੋਈ ਹੈ । ਇੱਥੇ ਰੱਬ ਅਹਮਦੀਆ ਨੂੰ ਆਪਣੀਆਂ ਮਿਹਰਾਂ ਨਾਲ ਨਿਵਾਜ਼ਕੇ ਜਿੱਥੇ ਆਪਣੇ ਵੁਜੂਦ ਦਾ ਪਤਾ ਦਿੰਦਾ ਹੈ, ਉੱਥੇ ਅਹਮਦੀਅਤ ਦੀ ਹਕੀਕਤ ਤੇ ਸਚੱਾਈ ਵੀ ਉਹਨਾ'ਤੇ ਪ੍ਰਕਟ ਹੋ ਰਹੀ ਹੈ ।

ਫਿਰ ਇੰਡੋਨੇਸ਼ੀਆ ਦੇ ਅਮੀਰ ਸਾਹਬ ਲਿਖੱਦੇ ਹਨ ਕਿ ਇਕ ਨਵੇਂ ਅਹਮਦੀ ਨੂੰ ਜੱਦ ਚੰਦਾ ਤਹਿਰੀਕੇ ਜਦੀਦ ਦੀ ਤਹਿਰੀਕ ਕੀਤੀ ਗਈ ਅਤੇ ਉਹਨਾ ਨੇ ਪੰਜ ਲੱਖ ਇੰਡੋਨੇਸ਼ੀਅਨ ਰੁਪਏ ਦੇਣ ਦਾ ਵਾਦਾ ਕੀਤਾ ਅਤੇ ਰਮਜ਼ਾਨ ਦੇ ਮਹੀਨਿ ਵਿੱਚ ਉਹਨਾ ਨੇ ਉਹ ਰਕਮ ਅਦਾ ਵੀ ਕਰ ਦਿੱਤੀ । ਉਹਨਾਂ ਨੇ ਦੱਸਿਆ ਕਿ ਇਕ ਦਿਨ ਉਹਨਾ ਦੇ ਕਿਸੇ ਰਿਸ਼ਤੇਦਾਰ ਨੇ ਉਹਨਾ ਨੂੰ ਤੋਹਫ਼ੇ ਵੱਜੋ ਇਕ ਲਫ਼ਾਫ਼ੇ ਵਿੱਚ ਕੁਝ ਰਕਮ ਦਿੱਤੀ ਤਾਂ ਉਹਨਾ ਨੇ ਝੱਟ ਹੀ ਚੰਦੇ ਵਿੱਚ ਦੇ ਦਿੱਤੀ ਜੋ ਕਿ ਐਨ ਪੰਜ ਲੱਖ ਇੰਡੋਨੇਸ਼ੀਅਨ ਰੁਪਏ ਸਨ ।

ਫਿਰ ਬੱਚਿਆਂ ਵਿੱਚ ਨੇਕੀ ਤੇ ਕੁਰਬਾਨੀ ਦੀ ਮਹੱਤਾ ਦਾ ਜੋ ਅਹਿਸਾਸ ਹੈ ਇਹ ਇਨਕਲਾਬ ਵੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਮਾਤ ਵਿੱਚ ਦਿਖਾਈ ਦਿੰਦਾ ਹੈ । ਘਾਨਾ ਦੇ ਮੁਬਲੱਗ਼ ਸਾਹਬ ਲਿਖੱਦੇ ਹਨ ਕਿ ਇਕ ਤਿਫ਼ਲ (ਬਚੱਾ) ਜਿਸਦੀ ਉਮਰ ਲਗਭਗ ਨੌ ਦੱਸ ਸਾਲ ਹੋਵੇਗੀ ਕੁਝ ਰਕਮ ਲੈਕੇ ਆਇਆ ਅਤੇ ਤਹਿਰੀਕੇ ਜਦੀਦ ਦੇ ਚੰਦੇ ਵਿੱਚ ਪੇਸ਼ ਕਰ ਦਿੱਤੀ । ਪੁਛੱਣ'ਤੇ ਉਸ ਨੇ ਦੱਸਿਆ ਕਿ ਮੈਂ ਮਾਪਿਆਂ ਕੋਲੋਂ ਚੰਦੇ ਲਈ ਪੈਸੇ ਮੰਗੇ ਜੋ ਮੈਂਨੂੰ ਨਹੀਂ ਮਿਲੇ ਕਿਸੇ ਸਬਬ ਕਰਕੇ । ਕਹਿੰਦੇ ਹਨ ਇਸ'ਤੇ ਮੈਂ ਇਕ ਦੁਕਾਨ'ਤੇ ਮਜ਼ਦੂਰੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਜੋ ਰਕਮ ਮਿਲੀ ਉਹ ਚੰਦੇ ਵਿੱਚ ਦੇ ਰਿਹਾ ਹਾਂ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਲੱਾਹ ਤਆਲਾ ਇਹਨਾ ਲੋਕਾਂ ਦੇ ਮਾਲ ਤੇ ਇਮਾਨ ਵਿੱਚ ਬਹੁਤ ਬਰਕਤ ਪ੍ਰਦਾਨ ਕਰੇ । ਇਸ ਪ੍ਰਕਾਰ ਕੁਰਬਾਨੀ ਕਰਨ ਦੀ ਕਲਪਨਾ ਇੱਥੋਂ ਦੇ ਬੱਚਿਆਂ ਵਿੱਚ ਨਹੀਂ ਹੋਵੇਗੀ ਕਿ ਮਿਹਨਤ ਕਰਕੇ ਮਜ਼ਦੂਰੀ ਕਰਕੇ ਜਾਂ ਜੰਗਲ ਵਿੱਚੋਂ ਲਕੜੀਆਂ ਕਟੱਕੇ ਫਿਰ ਚੰਦਾ ਦੇਣ । ਇੱਥੇ ਹਾਲਾਤ ਚੰਗੇ ਹਨ । ਬੇਸ਼ਕ ਇੱਥੇ ਵੀ ਬਹੁਤ ਚੰਗੀਆਂ ਉਧਾਰਣਾ ਹਨ । ਕਈ ਬੱਚੇ ਅਜਿਹੇ ਹਨ ਜਿੰਨ੍ਹਾ ਨੇ ਆਪਣੇ ਜੇਬ ਖ਼ਰਚ (ਪਾਕਿਟ ਮਨੀ) ਦੀ ਪੂਰੀ ਰਕਮ ਦੇ ਦਿੱਤੀ । ਬਹਿਰਹਾਲ ਆਪਣੇ ਆਪਣੇ ਮਹੌਲ ਵਿੱਚ ਹਰ ਥਾਂ ਨੇਕੀ ਤੇ ਵਫ਼ਦਾਰੀ ਦੀਆਂ ਉਧਾਰਣਾ ਮਿਲਦੀਆਂ ਹਨ । ਰੱਬ ਇਹਨਾ ਨੇਕੀਆਂ ਤੇ ਵਫ਼ਾਦਾਰੀ ਨੂੰ ਵਧਾਉਂਦਾ ਚਲਾ ਜਾਏ ।

ਹੁਣ ਮੈਂ ਕੁਝ ਫ਼ੀਡਬੈਕ ਪੇਸ਼ ਕਰਾਂਗਾ । ਰੱਬ ਨੇ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਮਾਤ ਨੂੰ ਕੁਰਬਾਨੀਆਂ ਦਾ ਸੰਜੋਗ ਪ੍ਰਦਾਨ ਕੀਤਾ ਹੈ ਅਤੇ ਜਿਵੇਂ ਇਹ ਕੁਰਬਾਨੀਆਂ ਕਰਦੇ ਹਨ ਇਹ ਸਿਵਾਏ ਰੱਬ ਦੀ ਤਾਈਦ, ਪੱਖ ਤੇ ਮਦਦ ਦੇ ਨਹੀਂ ਹੋ ਸਕਦਾ ਅਤੇ ਰੱਬ ਹੀ ਅਹਮਦੀਆਂ ਨੇ ਦਿਲ ਵਿੱਚ ਪਾਉਂਦਾ ਹੈ ਅਤੇ ਇਹੋ ਚੀਜ਼ ਹਜ਼ਰਤ ਮਸੀਹ ਮੌਊਦ ਅਲਹਿ ਸਲਾਮ ਦੀ ਸਚੱਾਈ ਦੀ ਦਲੀਲ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਰੱਬ ਦੀ ਮਿਹਰ ਨਾਲ 31 ਅਕਤੂਬਰ ਨੂੰ ਤਹਿਰੀਕੇ ਜਦੀਦ ਦਾ 85ਵਾਂ ਸਾਲ ਖ਼ਤਮ ਹੋਇਆ ਅਤੇ 86ਵਾਂ ਸਾਲ ਅਰੰਭ ਹੋ ਗਿਆ ਅਤੇ ਇਸ ਸਾਲ ਤਹਿਰੀਕੇ ਜਦੀਦ ਦੀ ਆਰਥਕ ਵਿਵਸਥਾ ਵਿੱਚ 13.6 ਮਿਲੀਯਨ ਪਾਊਂਡ ਕੁਰਬਾਨੀ ਦੀ ਤੌਫ਼ੀਕ ਮਿਲੀ ਅਤੇ ਇਹ ਵਸੂਲੀ ਬੀਤੇ ਸਾਲ ਦੇ ਟਾਕਰੇ ਵਿੱਚ ਰੱਬ ਦੀ ਮਿਹਰ ਨਾਲ ਅੱਠ ਲੱਖ ਦੋ ਹਜ਼ਾਰ ਪਾਊਂਡ ਬਹੁਤੀ ਹੈ । ਪਹਿਲੀ ਪੁਜ਼ੀਸ਼ਨ ਹੁਣ ਪੂਰਨ ਰੂਪ ਵਿੱਚ ਇਸ ਸਾਲ ਜਰਮਨੀ ਦੀ ਹੈ ਦੂਜੇ ਨੰਬਰ'ਤੇ ਪਾਕਿਸਤਾਨ ਹੈ ਫਿਰ ਬਰਤਾਨੀਆ ਹੈ ਅਤੇ ਕਿਉਂਕਿ ਪਹਿਲਾਂ ਮੈਂ ਪਾਸਿਤਾਨ ਨੂੰ ਕੱਢ ਦਿਆ ਕਰਦਾ ਸੀ । ਪਹਿਲਾ ਨਾਂ ਉਸਦਾ ਹੁੰਦਾ ਸੀ ਅਤੇ ਪਾਕਿਸਤਾਨ ਤੋਂ ਬਿਨਾ ਬਾਕੀ ਦੇਸ਼ਾਂ ਦੀ ਤਫ਼ਸੀਲ ਦਿੰਦਾ ਸੀ । ਇਸ ਲਈ ਪਾਕਿਸਤਾਨ ਤੋਂ ਬਿਨਾ ਭਾਵੇਂ ਇਸਦੇ ਕਿ ਉਸ ਦਾ ਦੂਜਾ ਨੰਬਰ ਹੈ ਦੱਸ ਦੇਸ਼ਾਂ ਦੀ ਤਫ਼ਸੀਲ ਹੁਣ ਵੀ ਵਰਨਣ ਕਰਾਂਗਾ । ਜਰਮਨੀ ਪਹਿਲਾ ਫ਼ਿਰ ਪਾਕਿਸਤਾਨ ਦੇ ਬਾਦ ਦੂਜਾ ਬਰਤਾਨੀਆ ਫਿਰ ਅਮਰੀਕਾ ਫਿਰ ਕੈਨੇਡਾ ਫ਼ਿਰ ਭਾਰਤ ਫਿਰ ਮਿਡਲ ਈਸਟ ਦੀ ਇਕ ਜਮਾਤ ਹੈ ਫਿਰ ਇੰਡੋਨੇਸ਼ੀਆ ਫਿਰ ਆਸਟ੍ਰੇਲੀਆ ਫਿਰ ਘਾਨਾ ਫਿਰ ਦੂਜੀ ਵਾਰ ਮਿਡਲ ਈਸਟ ਦਾ ਇਕ ਦੇਸ਼ ਹੈ ।

ਰੱਬ ਦੀ ਮਿਹਰ ਨਾਲ ਹਾਲਾਤ ਖ਼ਰਾਬ ਹੁੰਦਿਆਂ ਹੋਇਆਂ ਵੀ ਪਾਕਿਸਤਾਨ ਵਿੱਚ ਵੀ ਅਤੇ ਦੁਨੀਆ ਵਿੱਚ ਹਰ ਥਾਂ ਆਰਥਕ ਹਾਲਾਤ ਖ਼ਰਾਬ ਹੋਏ ਹਨ । ਲੋਕਲ ਕਰੰਸੀ ਵਿੱਚ ਵਾਧੇ ਦੇ ਪੱਖੋਂ ਪਹਿਲੇ ਜੋ ਤਿੰਨ ਦੇਸ਼ ਹਨ ਉਹਨਾ ਵਿੱਚ ਇਕ ਮਿਡਲ ਈਸਟ ਦੀ ਜਮਾਤ ਤੋਂ ਬਿਨਾ ਭਾਰਤ ਹੈ ਜਿੱਥੇ ਪ੍ਰਤੀਸ਼ਤ ਦੀ ਤੁਲਨਾ ਵਿੱਚ ਵਾਧਾ ਹੋਇਆ ਹੈ । ਫਿਰ ਕੈਨੇਡਾ ਹੈ ਫਿਰ ਜਰਮਨੀ ਹੈ ਫਿਰ ਬਰਤਾਨੀਆ ਫਿਰ ਘਾਨਾ ਫਿਰ ਪਾਕਿਸਤਾਨ ਇੰਡੋਨੇਸ਼ੀਆ ਅਮਰੀਕਾ ਆਸਟ੍ਰੇਲੀਆ ।

ਬੀਤੇ ਕੁਝ ਵਰ੍ਹਿਆਂ ਵਿੱਚ ਮੈਂ ਕਿਹਾ ਸੀ ਗਿਣਤੀ ਵਧਾਓ ਭਾਗ ਲੈਂਣ ਵਾਲਿਆਂ ਦੀ ਅਤੇ ਇਸ ਉਦੇਸ਼ ਨਾਲ ਰਕਮ ਤੋਂ ਬਹੁਤਾ ਜਮਤਾਂ ਦੇ ਲੋਕਾਂ ਨੂੰ ਸ਼ਾਮਲ ਕਰਨ ਲਈ ਟਾਰਗਟ ਦਿੱਤੇ ਜਾ ਰਹੇ ਸਨ ਅਤੇ ਰੱਬ ਦੀ ਮਿਹਰ ਨਾਲ ਇਸ ਸਾਲ ਹੁਣ ਤੱਕ ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ਅਠਾਰਾਂ ਲੱਖ ਸਤਾਈ ਹਜ਼ਾਰ ਤੋਂ ਵੱਧ ਹੈ ਅਤੇ ਇਕ ਲੱਖ ਬਾਰ੍ਹਾਂ ਹਜ਼ਾਰ ਨਵੇਂ ਸ਼ਾਮਲ ਹੋਏ ਹਨ ਚੰਦੇ ਦੀ ਵਿਵਸਥਾ ਵਿੱਚ । ਸ਼ਾਮਲ ਹੋਣ ਵਾਲਿਆਂ ਵਿੱਚ ਬੀਤੇ ਸਾਲ ਦੀ ਤੁਲਨਾ ਵਿੱਚ ਵਾਧਾ ਕਰਨ ਵਾਲੀਆਂ ਵਰਨਣ ਯੋਗ ਵੱਡੀਆਂ ਜਮਾਤਾਂ ਵਿੱਚ ਬੰਗਲਾ ਦੇਸ਼, ਕੈਨੇਡਾ, ਮਲੇਸ਼ੀਆ, ਭਾਰਤ, ਇੰਡੋਨੇਸ਼ੀਆ, ਜਰਮਨੀ, ਬਰਤਾਨੀਆ, ਅਮਰੀਕਾ ਅਤੇ ਆਸਟ੍ਰੇਲੀਆ ਹਨ ।

ਦਫ਼ਤਰ ਅਵੱਲ ਦੇ ਜੋ ਖਾਤੇ ਹਨ ਮਰਕਜ਼ੀ ਰਿਕਾਰਡ ਅਨੁਸਾਰ ਪੰਜ ਹਜ਼ਾਰ ਨੌ ਸੌ ਸਤਾਈ ਹਨ ਛੱਤੀ ਲੋਕ ਰੱਬ ਦੀ ਮਿਹਰ ਨਾਲ ਹੁਣ ਵੀ ਜੀਊਂਦੇ ਹਨ ਉਹ ਆਪਣੇ ਚੰਦੇ ਆਪ ਦੇ ਰਹੇ ਹਨ । ਬਾਕੀਆਂ ਦੇ ਫ਼ੌਤ ਹੋਏ ਖਾਤਿਆਂ ਨੂੰ ਉਹਨਾ ਦੇ ਵਾਰਸਾਂ ਨੇ ਅਤੇ ਜਮਾਤ ਦੇ ਮੁਖ਼ਲੇਸੀਨ ਨੇ ਜਾਰੀ ਕੀਤੇ ਹੋਏ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇੰਡੀਆ ਦੀ ਕੁਰਬਾਨੀ ਦੇ ਪੱਖੋਂ ਦੱਸ ਜਮਾਤਾਂ ਹਨ ਕੈਰੋਲਾਈ, ਫਿਰ ਕਾਦੀਆਂ, ਫਿਰ ਪਿਥੱਪਰਮ, ਫਿਰ ਹੈਦਰਾਬਾਦ, ਕੋਇਮਬਟੋਰ, ਪੈਂਗਾਡੀ, ਬੰਗਲੌਰ, ਕਾਲੀਕਟ, ਕੋਲਕਤਾ, ਯਾਦਗੀਰ । ਪਹਿਲੇ ਦੱਸ ਸੂਬੇ ਇਹ ਹਨ ਨੰਬਰ ਇਕ ਕੈਰਾਲਾ, ਫਿਰ ਕਰਨਾਟਕ, ਤਾਮਿਲਨਾਡੂ, ਤਿਲੰਗਾਨਾ, ਜੱਮੂ ਕਸ਼ਮੀਰ, ਉਡੀਸਾ, ਪੰਜਾਬ, ਬੰਗਾਲ, ਦਿੱਲੀ ਅਤੇ ਉਤੱਰ ਪ੍ਰਦੇਸ਼ । ਕਸ਼ਮੀਰ ਦੇ ਹਾਲਾਤ ਵੀ ਬਹੁਤ ਖ਼ਰਾਬ ਹਨ ਰਾਜਨੇਤਿਕ ਵੀ ਤੇ ਸਮਾਜਕ ਪੱਖੋਂ ਵੀ ਇੱਥੇ ਬਹੁਤ ਵੱਡੀ ਕੁਰਬਾਨੀ ਹੈ ਜਮਾਤਾਂ ਦੀ । ਅਲੱਾਹ ਤਆਲਾ ਇਹਨਾ ਸਾਰਿਆਂ ਕੁਰਬਾਨੀ ਕਰਨ ਵਾਲਿਆਂ ਨੇ ਧਨ ਮਾਲ ਤੇ ਗਿਣਤੀ ਵਿੱਚ ਅਥਾਹ ਬਰਕਤ ਪਾਏ ।

**Khulasa Khutba Jumma 08.11.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131